# ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ

ਆਸਾ ॥

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥

ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥

ਇਹ ਸ਼ਬਦ ਇਕ ਮੁਸਲਮਾਨ ਸੂਫ਼ੀ ਫ਼ਕੀਰ, ਸ਼ੇਖ ਫ਼ਰੀਦ ਜੀ ਦਾ ਉਚਾਰਣ ਕੀਤਾ ਹੋਇਆ ਹੈ, ਜੋ ਆਸਾ ਰਾਗ ਵਿਚ, ਪੰਨਾ ੪੮੮ ਤੇ ਅੰਕਤ ਹੈ। ਇਸ ਸ਼ਬਦ ਵਿਚ ਪੰਜਾਬੀ ਭਾਖਾ ਦਾ ਹੀ ਇਕ ਸਰੂਪ dialect, ਬ-ਖ਼ੂਬੀ ਵਰਤਿਆ ਗਿਆ ਹੈ, ਜਿਸ ਨੂੰ ਲਹਿੰਦੀ ਬੋਲੀ ਕਹਿੰਦੇ ਹਨ।

ਇਸ ਸ਼ਬਦ ਵਿਚ ਫ਼ਕੀਰ ਸਾਈਂ ਨੇ, ਇਸ ਸੰਸਾਰ ਨੂੰ ਫ਼ਾਨੀ, ਚਲੰਤ, ਨਾਸ਼ਵੰਤ ਦਸਿਆ ਹੈ। ਇਹ ਸਰੀਰ ਵੀ ਨਾਸ਼ਵੰਤ ਹੈ। ਇਹ ਮਨੁਖਾ ਜਨਮ ਦੁਰਲਭ ਹੈ। ਮਨੁਖ, ਮਾਇਆ ਮੋਹ ਕਰਕੇ, ਇਸ ਫ਼ਾਨੀ ਦੁਨੀਆਂ ਵਿਚ ਫ਼ਸਿਆ ਹੋਇਆ ਹੈ। ਪਰ ਉਸ ਨੂੰ ਸਾਧੂ ਦੀ ਸੰਗਤ ਕਰਕੇ, ਧਰਮ ਕਮਾਉਣਾ ਦਾ ਉਪਦੇਸ਼ ਦਿਤਾ ਗਿਆ ਹੈ।

-- ਸ਼ੇਖ਼ ਫ਼ਰੀਦ ਜੀ ਦਾ ਫ਼ੁਰਮਾਣ ਹੈ ਕਿ ਹੇ ਪਿਆਰੇ ! ਅਲ੍ਹਾ, ਰੱਬ ਦੇ ਚਰਨਾਂ ਵਿਚ ਜੁੜ ਭਾਵ, ਬੰਦਗੀ ਕਰ, ਸਿਮਰਣ ਕਰ।

ਫ਼ਰੀਦ ਜੀ ਨੇ, ਪੰਨਾ ੪੮੮ ਤੇ, ਬਖ਼ਸ਼ੰਦ ਖ਼ੁਦਾ ਦੀ ਸ਼ਰਣ ਵਿਚ ਪੈ ਕੇ, ਉਸ ਤੋਂ ਬੰਦਗੀ, ਭਾਵ, ਸਿਮਰਣ ਦੀ ਦਾਤ ਦੀ ਖ਼ੈਰਾਤ ਮੰਗੀ ਹੈ - 'ਤੇਰੀ ਪਨਹ ਖੁਦਾਇ ਤੂ ਬਖਸੰਦਗੀ।। ਸੇਖ ਫਰੀਦੈ ਖੈਰੁ ਦੀਜੈ ਬੰਦਗੀ।।'

-- ਫ਼ਰੀਦ ਜੀ ਖ਼ਬਰਦਾਰ ਕਰਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਇਹ ਉਪਰੋਕਤ ਕੰਮ, ਬੰਦਗੀ ਜਲਦੀ ਕਰ ਲੈ, ਕਿਉਂਕਿ ਇਹ ਤਨ ਜਲਦੀ ਹੀ, ਥਲੇ, ਡੂਘੀ ਕਬਰ ਦੇ ਘਰ ਵਿਚ ਪੈ ਕੇ ਖ਼ਾਕ ਹੋ ਜਾਏਗਾ। ਭਾਵ, ਇਸ ਕੰਮ ਲਈ ਪ੍ਰਾਪਤ ਸਮਾਂ ਥੋੜਾ ਹੀ ਹੈ।੧।

ਸ੍ਰੀ ਗੁਰੂ ਅਰਜਨ ਸਾਹਿਬ ਵੀ ਫ਼ੁਰਮਾਣ ਕਰਦੇ ਹਨ ਕਿ ਹਰੀ ਦੇ ਨਾਮ ਤੋਂ ਬਿਨਾਂ ਸਭ ਨੇ ਖ਼ਾਕ ਵਿਚ ਹੀ ਰੁਲਣਾ ਹੈ, ਇਹ ਰੋਣਾ ਕਿਸ ਅਗੇ ਰੋਈਏ, ਭਾਵ, ਹਰ ਇਕ ਨੇ ਹੀ ਤਾਂ ਖ਼ਾਕ ਹੋ ਜਾਣਾ ਹੈ - 'ਹਰਿ ਤੁਧੁ ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ।।'

ਆਜੁ ਮਿਲਾਵਾ ਸੇਖ ਫਰੀਦ

ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥

**ਆਜ - ਇਸ ਜਨਮ ਵਿਚ ; ਟਾਕਿਮ - ਰੋਕਣਾ ਜਾਂ ਹੋੜਨਾ ਜਾਂ ਕਾਬੂ ਕਰਨਾ ; ਕੂੰਜੜੀਆ - ਗਿਆਨ ਇੰਦਰੀਆਂ ; ਮਨਹੁ - ਮਨ ਨੂੰ ; ਮਚਿੰਦੜੀਆ - ਮਨ ਨੂੰ ਮਚਲਾਉਣ, distract ਕਰਣ ਵਾਲੀਆਂ**

- - ਫ਼ਰੀਦ ਜੀ ਚੇਤੇ ਕਰਵਾ ਰਹੇ ਹਨ ਕਿ ਖ਼ੁਦਾ, ਪ੍ਰਭੂ ਨਾਲ ਅਜ, ਭਾਵ, ਹੁਣ, ਇਸੇ ਮਨੁਖਾ ਜਨਮ ਵਿਚ ਹੀ ਮੇਲ ਹੋ ਸਕਦਾ ਹੈ ਪਰ ਇਹ ਤਾਂ ਹੀ ਸੰਭਵ ਹੈ ਜੇ ਮਨੁਖ, ਆਪਣੇ ਮਨ ਨੂੰ, ਵਾਸ਼ਨਾਵਾਂ ਵਿਚ ਮਚਾਉਣ ਵਾਲੀਆਂ, ਗਿਆਨ ਇੰਦਰੀਆਂ ਤੋਂ ਬਚਾਅ ਕੇ ਕਾਬੂ ਰਖੇ।੧।ਰਹਾਉ।

ਫ਼ਰੀਦ ਜੀ ਸਪੱਸ਼ਟ ਸੰਕੇਤ ਦੇ ਰਹੇ ਹਨ ਕਿ ਪ੍ਰਭੂ ਨਾਲ ਇਸ ਮਨੁਖਾ ਜਨਮ ਵਿਚ ਹੀ ਮੇਲ ਹੋ ਸਕਦਾ ਹੈ, ਹੋਰ ਕਿਸੇ ਵੀ ਜਨਮ ਵਿਚ ਨਹੀਂ। ਇਸੇ ਕਰਕੇ ਉਨ੍ਹਾਂ ਨੇ 'ਆਜੁ ਮਿਲਾਵਾ' ਕਿਹਾ ਹੈ। ਨਾਲ ਹੀ ਫ਼ਰੀਦ ਜੀ ਫ਼ੁਰਮਾਉਂਦੇ ਹਨ ਕਿ ਇਸ ਜਨਮ ਵਿਚ ਗਿਆਨ ਇੰਦਰੀਆਂ ਨੂੰ ਮਚਲਾਉਣ ਜਾਂ distract ਕਰਣ ਵਾਲੀ **ਮਾਇਆ** ਨੂੰ 'ਮਨਹੁ ਮਚਿੰਦੜੀਆ' ਕਿਹਾ ਹੈ। ਨਾਲ ਹੀ ਫ਼ਰੀਦ ਜੀ ਫ਼ੁਰਮਾਉਂਦੇ ਹਨ ਕਿ ਇਸ ਜਨਮ ਵਿਚ ਗਿਆਨ ਇੰਦਰੀਆਂ ਨੂੰ ਮਚਲਾਉਣ ਜਾਂ distract ਕਰਣ ਵਾਲੀ **ਮਾਇਆ**, 'ਆਜੁ ਮਿਲਾਵਾ', ਭਾਵ, ਪ੍ਰਭੂ ਨਾਲ ਮਿਲਾਪ ਦਾ ਕੰਮ ਪੂਰਾ ਨਹੀਂ ਹੋਣ ਦਿੰਦੀ। ਜੇ ਮਨੁਖ ਆਪਣੇ ਮਨ ਨੂੰ, ਇਸ ਮਾਇਆ ਮੋਹ ਤੋਂ ਹੋੜ੍ਹ ਲਵੇ, ਭਾਵ, ਕਾਬੂ ਕਰ ਲਏ ਤਾਂ 'ਆਜੁ ਮਿਲਾਵਾ' ਸੰਭਵ ਹੋ ਸਕਦਾ ਹੈ। ਭਗਤ ਕਬੀਰ ਜੀ ਵੀ, ਪੰਨਾ ੩੪੨ ਤੇ, ਇਸ ਤਰ੍ਹਾਂ ਹੀ ਉਪਦੇਸ਼ ਕਰਦੇ ਹਨ ਕਿ ਮਾਇਆ ਦੇ ਇਹ ਰਸ ਛੱਡ ਕੇ ਹੀ ਪ੍ਰਭੂ ਦੇ ਨਾਮ ਦਾ ਰਸ ਪ੍ਰਾਪਤ ਹੋ ਸਕਦਾ ਹੈ - 'ਇਹ ਰਸ ਛਾਡੇ ਉਹ ਰਸੁ ਆਵਾ।।'

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥

ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥

- - ਫ਼ਰੀਦ ਜੀ ਫ਼ੁਰਮਾਉਂਦੇ ਹਨ ਕਿ ਜੀਵ, ਜਦੋਂ ਇਕ ਵੇਰ ਚਲਾ ਜਾਂਦਾ ਹੈ ਤਾਂ ਉਹ ਮੁੜ ਉਸੇ ਰੂਪ ਵਿਚ ਕਦੇ ਵੀ ਵਾਪਸ ਨਹੀਂ ਆਉਂਦਾ। ਜੇ

ਇਹ ਗਲ ਸਾਡੇ ਪੱਲੇ ਪੈ ਜਾਏ ਤਾਂ ਫ਼ਿਰ

-- ਇਸ, ਨਾਸ਼ਵੰਤ ਦੁਨੀਆਂ ਵਿਚਲੀ ਮੋਹ ਮਾਇਆ ਦੇ ਵਿਚ ਫ਼ਸ ਕੇ ਆਪਣਾ ਮਨੁਖਾ ਜਨਮ ਨਾ ਗੁਆ ਲਈਏ।੨।

ਭਗਤ ਨਾਮਦੇਵ ਜੀ ਨੇ ਵੀ, ਪੰਨਾ ੬੯੨ ਤੇ, ਇਹ ਸਭ ਕੁਝ ਝੂਠ, ਭਾਵ, ਬਿਨਸਨਹਾਰ ਦਸਿਆ ਹੈ ਅਤੇ ਇਸ ਦਾ ਮਾਣ ਕਰਨ ਤੋਂ ਵਰਜਿਆ ਹੈ - 'ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ।।'

ਮਨੁਖ ਨੂੰ ਸਾਰੇ ਧਰਮ, ਧਰਮ ਗ੍ਰੰਥ, ਸੰਤ, ਮਹਾਤਮਾ ਆਦਿ ਸਮਝਾਉਂਦੇ ਹਨ ਪਰ ਇਹ ਸਾਰੀ ਦਿਤੀ ਹੋਈ ਸਿਖਿਆ ਉਪਰੋਂ ਹੀ ਲੰਘ ਜਾਂਦੀ ਹੈ, ਤੇ ਮਨੁਖ, ਸਭ ਕੁਝ ਵੇਖ ਕੇ ਵੀ ਮੁਕਰਿਆ ਰਹਿੰਦਾ ਹੈ। ਪਰ ਜੇ ਮਨੁਖ ਦੇ ਅੰਤਹਕਰਣ ਨੂੰ ਇਹ ਗਲ ਸਮਝ ਆ ਜਾਵੇ ਕਿ ਇਹ ਸਰੀਰ ਨਾਸ ਹੋ ਜਾਣਾ ਹੈ ਤੇ ਮੁੜ ਕੇ ਨਹੀਂ ਆਉਣਾ ਤਾਂ ਉਹ ਇਸ ਫ਼ਾਨੀ ਦੁਨੀਆਂ ਦੇ ਮਗਰ ਲਗ ਕੇ, ਕਦੇ ਵੀ ਇਸ ਮਨੁਖਾ ਜਨਮ ਨੂੰ ਵਿਅਰਥ ਨਾ ਗੁਆਵੇ। ਸ੍ਰੀ ਗੁਰੂ ਨਾਨਕ ਸਾਹਿਬ ਦਾ, ਪੰਨਾ ੧੩੮ ਤੇ, ਫ਼ੁਰਮਾਣ ਹੈ ਕਿ ਮੈਂ ਖੋਜ ਖੋਜ ਕੇ ਵੇਖ ਲਿਆ ਹੈ ਕਿ ਇਹ ਜੱਗ ਫ਼ਾਨੀ ਹੈ, ਇਸ ਦੀ ਹੋਂਦ ਧੂਏਂ ਵਾਂਗ ਥੋੜ੍ਹ ਚਿਰੀ ਹੈ - 'ਢੰਢੋਲਿਮੁ ਢੂੰਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ।।'

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥

ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥

**ਵਾਟ - ਰਾਹ ; ਮੁਰੀਦ - ਸ਼ਗਿਰਦ, ਚੇਲਾ ; ਜੋਲੀਐ - ਚਲੀਏ**

-- ਫ਼ਰੀਦ ਜੀ ਉਪਦੇਸ਼ ਦਿੰਦੇ ਹਨ ਕਿ ਧਰਮ ਦੇ ਰਾਹ ਤੇ ਚਲਦਿਆਂ, ਹਮੇਸ਼ਾਂ ਸਚ ਬੋਲਣਾ ਚਾਹੀਦਾ ਹੈ, ਕਦੇ ਵੀ ਝੂਠ ਨਹੀਂ ਬੋਲਣਾ ਚਾਹੀਦਾ।

-- ਦੂਜੇ, ਗੁਰੂ ਜੋ ਵੀ ਰਾਹ ਦਸੇ, **ਬਿਨਾਂ ਆਪਣੀ ਅਕਲ ਲੜਾਏ**, ਸ਼ਗਿਰਦ ਜਾਂ ਚੇਲੇ ਨੂੰ, ਉਸੇ ਰਾਹ ਤੇ ਤੁਰਨਾ ਚਾਹੀਦਾ ਹੈ।੩।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੫੧੧ ਤੇ ਫ਼ੁਰਮਾਣ ਕਰਦੇ ਹਨ ਕਿ ਗੁਰੂ ਦੀ ਸਿਖਿਆ, ਭਾਵ, ਦਸੇ ਰਸਤੇ ਤੇ ਚਲ ਕੇ ਗੁਣਾ ਦੇ ਖਜ਼ਾਨੇ, ਵਾਹਗੁਰੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ - 'ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ।।'

ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥

ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪॥

**ਛੈਲ - ਗਭਰੂ, ਜੁਆਨ (ਸੰਤ ਜਨ) ; ਗੋਰੀ - ਨਾਜ਼ਕ ਮੁਟਿਆਰ ; ਧੀਰਿਆ - ਮਨ ਨੂੰ ਧੀਰਜ ਆਉਣਾ ; ਕੰਚਨ - ਸੋਨਾ, ਧਨ ਪਦਾਰਥ ; ਵੰਨੇ - ਵਲ ; ਕਲਵਤਿ - ਆਰਾ**

- - ਫ਼ਰੀਦ ਜੀ ਫ਼ੁਰਮਾਣ ਕਰਦੇ ਹਨ ਕਿ ਗਭਰੂਆਂ ਨੂੰ ਉਸ ਪਾਰ ਜਾਂਦਿਆਂ ਵੇਖ ਕੇ, ਨਾਜ਼ਕ ਮੁਟਿਆਰਾਂ ਦਾ ਵੀ, ਪਾਰ ਜਾਣ ਦਾ ਹੌਂਸਲਾ ਪੈ ਜਾਂਦਾ ਹੈ, ਭਾਵ, ਸੰਤ ਜਨਾਂ ਦੀ ਸੰਗਤ ਕਰਦਿਆਂ, ਅਧਿਆਤਮਕ ਤੌਰ ਤੇ ਪਛੜੇ ਵਿਅਕਤੀਆਂ ਨੂੰ ਵੀ, ਧਰਮ ਦੇ ਰਾਹ ਤੇ ਚਲਣ ਦਾ, ਉਤਸਾਹ ਆ ਜਾਂਦਾ ਹੈ।

ਇਸੇ ਕਾਰਣ ਕਰਕੇ ਸਾਧੂ ਸੰਗਤਿ ਕਰਨ ਦੀ ਲੋੜ ਹੈ। ਕਿਉਂਕਿ ਉਸ ਦੀ ਸੰਗਤਿ ਨਾਲ ਮਨੁਖ, ਨਾਮ ਦੀ ਘਾਲ ਕਮਾਈ ਕਰ ਲੈਂਦਾ ਹੈ ਅਤੇ ਇੰਵ ਕਰਦਿਆਂ ਜਦੋਂ ਸਾਧੂ ਤੁੱਠ ਪੈਂਦਾ ਹੈ ਤਾਂ ਉਸ ਦੀ ਕਿਰਪਾ ਨਾਲ ਪ੍ਰਭੂ ਪ੍ਰਾਪਤੀ ਹੋ ਜਾਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦਾ, ਪੰਨਾ ੪੪ ਤੇ, ਫ਼ੁਰਮਾਣ ਹੈ - 'ਸਾਧੂ ਸੰਗੁ ਮਸਕਤੇ ਤੁਠੇ ਪਾਵਾ ਦੇਵ।।'

- - ਸਾਧੂ ਦੀ ਸੰਗਤ ਕਰਣ ਨਾਲ ਪਤਾ ਲਗ ਜਾਂਦਾ ਹੈ ਕਿ ਨਿਰਾ ਮਾਇਆ ਨਾਲ ਮੋਹ ਪਾਈ ਰਖਣ ਨਾਲ, ਆਰੇ ਨਾਲ ਚੀਰਿਆ ਜਾਣਾ ਪੈਂਦਾ ਹੈ, ਭਾਵ, ਜਮਾਂ ਦਾ ਭਿਆਨਕ ਦੁਖ ਸਹਿਣਾ ਪੈਂਦਾ ਹੈ। ੪।

ਭਗਤ ਕਬੀਰ ਜੀ ਨੇ ਵੀ, ਪੰਨਾ ੧੩੬੮ ਤੇ, ਜਮ ਦੀ ਸਜ਼ਾ ਨੂੰ ਕਰੜਾ ਦਸਿਆ ਹੈ। ਪਰ ਸਾਧੂ ਦੀ ਸੰਗਤਿ ਅਤੇ ਉਸ ਦੇ ਅਨੁਸਾਰੀ ਹੋਣ ਨਾਲ, ਉਹ ਪ੍ਰਭੂ ਦੇ ਲੜ ਲਗਾ ਦਿੰਦਾ ਹੈ - 'ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ।। ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ।।'

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥

ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥

**ਸੇਖ - ਸ਼ੇਖ਼ ਫ਼ਰੀਦ ਜੀ ; ਹੈਯਾਤੀ - ਜੀਊਂਦਾ; ਥਿਰ - ਸਥਿਰ, ਕਾਇਮ**

-- ਸ਼ੇਖ਼ ਫ਼ਰੀਦ ਜੀ ਫ਼ੁਰਮਾਣ ਕਰਦੇ ਹਨ ਕਿ ਸੰਸਾਰ ਦਾ ਜੀਵਨ, ਸਦਾ ਥਿਰ ਰਹਿਣ ਵਾਲਾ ਨਹੀਂ, ਨਾ ਹੀ ਇਥੇ ਕੋਈ ਵੀ ਸਦਾ ਲਈ ਰਹਿ ਸਕਿਆ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ, ਪੰਨਾ ੧੪੨੯ ਤੇ, ਫ਼ੁਰਮਾਣ ਹੈ ਕਿ ਇਸ ਸੰਸਾਰ ਵਿਚ ਕੁਝ ਵੀ, ਸਦਾ ਕਾਇਮ ਰਹਿਣ ਵਾਲਾ ਨਹੀਂ, ਸਭ ਕੁਝ ਸੁਪਨੇ ਮਾਤਰ ਹੈ - 'ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ।।'

-- ਜਿਸ ਥਾਂ ਤੇ, ਅਉਧੇ ਤੇ ਅਜ ਅਸੀਂ ਬੈਠੇ ਹਾਂ, ਇਥੇ ਕਈ ਬੈਠ ਕੇ ਚਲੇ ਗਏ।੫।

ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ ਕਿ ਇਸ ਧਰਤੀ ਤੇ ਕਈ ਕਰੋੜਾਂ ਰਾਜਿਆਂ ਨੇ ਵਡੇ ਵਡੇ ਕਿਲੇ ਬਣਾਏ ਅਤੇ ਆਪੋ ਆਪਣੇ ਰਾਜ ਦੀ ਤੂਤੀ ਵਜਾ ਵਜਾ ਕੇ ਤੁਰ ਗਏ। ਜਿਹੜੇ ਆਪਣੇ ਆਪ ਨੂੰ ਇਤਨਾ ਵਡਾ ਸਮਝਦ ਸਨ ਕਿ ਅਸਮਾਨ ਥਲੇ ਵੀ ਨਹੀਂ ਸਮਾਉਂਦੇ ਸਨ, ਵਾਹਗੁਰੂ ਨੇ ਉਨ੍ਹਾਂ ਨੂੰ ਵੀ ਨੱਥ ਪਾ ਦਿਤੀ, ਕਾਬੂ ਕਰ ਲਿਆ - 'ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ।। ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ।।', ਪੰਨਾ ੫੯੫.

ਭਗਤ ਕਬੀਰ ਜੀ, ਪੰਨਾ ੧੧੫੭ ਤੇ ਫ਼ੁਰਮਾਣ ਕਰਦੇ ਹਨ ਕਿ ਇਸ ਸੰਸਾਰ ਤੇ ਕੋਈ ਵੀ ਰਾਜਾ ਕੋਈ ਵੀ ਰਾਣਾ ਸਦਾ ਲਈ ਨਹੀਂ ਰਹਿ ਸਕਿਆ - 'ਕੋਇ ਨ ਰਹਿ ਹੈ ਰਾਜਾ ਰਾਨਾ।।'

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥

ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬॥

**ਡਉ - ਜੰਗਲਾਂ ਦੀ ਅੱਗ; ਸੀਆਲੇ - ਸਰਦੀਆਂ ਵਿਚ ; ਸੋਹੰਦੀਆਂ - ਸੋਭਦੀਆਂ ; ਬਾਹੜੀਆਂ - ਪਤਲੀਆਂ ਬਾਹਾਂ**

-- ਕਤਕ ਦੇ ਮਹੀਨੇ ਵਿਚ ਕੂੰਜਾ ਜ਼ਿਆਦਾ ਦਿਸਦੀਆਂ ਹਨ, ਚੇਤਰ ਦੇ ਮਹੀਨੇ ਜੰਗਲ ਦੀਆਂ ਅੱਗਾਂ ਜ਼ਿਆਦਾ ਵੇਖਣ ਨੂੰ ਮਿਲਦੀਆਂ ਹਨ ਅਤੇ ਸਾਵਣ ਦੇ ਮਹੀਨੇ, ਬਰਸਾਤੀ ਮੌਸਮ ਹੋਣ ਕਾਰਣ, ਅਸਮਾਨ ਵਿਚ ਜ਼ਿਆਦਾ ਬਿਜਲੀ ਕੜਕਦੀ ਹੈ।

-- ਸਰਦੀਆਂ ਦੇ ਮੌਸਮ ਵਿਚ ਇਸਤਰੀਆਂ ਦੀਆਂ ਬਾਹਾਂ ਆਪਣੇ

ਪਿਆਰੇ ਦੇ ਗਲਾਂ ਵਿਚ ਜ਼ਿਆਦਾ ਸੋਭਦੀਆਂ ਕਹੀਆਂ ਜਾਂਦੀਆਂ ਹਨ।੬।

ਸਰਦੀਆਂ ਦੀ ਰੁੱਤ ਕਾਮ ਵਾਲੀ ਮੰਨੀ ਜਾਂਦੀ ਹੈ।

ਫ਼ਰੀਦ ਜੀ ਇਹ ਵਰਤਾਰਾ ਇਸ ਲਈ ਬਿਆਨ ਕਰ ਰਹੇ ਹਨ ਕਿ ਜਿਵੇਂ ਹਰ ਮਹੀਨੇ, ਮੌਸਮ ਵਿਚ, ਕੁਦਰਤ ਦੇ ਇਕ ਚਕਰ, cycle ਅਨੁਸਾਰ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂ ਇਸ ਮਨੁਖਾ ਜਨਮ ਵਿਚ ਵੀ, ਪ੍ਰਭੂ ਨਾਲ ਮਿਲਾਪ ਹੋਣਾ ਚਾਹੀਦਾ ਹੈ। ਜੇ ਇਸ ਜਨਮ ਵਿਚ ਇਹ ਕੰਮ ਨਾ ਹੋਇਆ ਤਾਂ ਕਦੇ ਨਹੀਂ ਹੋਣਾ। ਤਾਂ ਹੀ ਪਹਿਲੇ ਪਦੇ ਵਿਚ 'ਆਜ ਮਿਲਾਵਾ' ਦਾ ਬਚਨ ਕੀਤਾ ਹੈ ਅਤੇ ਇਥੇ ਇਹੀ ਗਲ ਵਖਰੇ ਤਰੀਕੇ ਨਾਲ ਸਮਝਾ ਰਹੇ ਹਨ।

ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥

ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥

-- ਜਾਣ ਵਾਲੇ ਆਪੋ ਆਪਣੀ ਵਾਰੀ ਤੁਰੇ ਜਾ ਰਹੇ ਹਨ। ਹੇ ਮੇਰੇ ਮਨ ! ਤੂੰ ਵੀ ਇਹ ਵਿਚਾਰ ਕਰ ਲੈ ਕਿ ਤੇਰੀ ਵਾਰੀ ਵੀ ਆ ਜਾਣੀ ਹੈ।

ਇਸ ਤਰ੍ਹਾਂ ਸਾਰੇ ਜਗ ਨੂੰ ਜਾਂਦਾ ਵੇਖ ਕੇ ਭਗਤ ਕਬੀਰ ਜੀ ਦਾ ਮਨ ਉਪਰਾਮ ਹੋ ਗਿਆ - 'ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ।। ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ।।' ਸ਼ੇਖ਼ ਫ਼ਰੀਦ ਜੀ ਦਾ ਵੀ, ਇਸ ਸ਼ਬਦ ਨੂੰ ਉਚਾਰਣ ਕਰਨ ਦਾ ਇਹੀ ਮਕਸਦ ਹੈ ਕਿ ਇਸ ਜਗ ਦੀ ਨਾਸ-ਮਾਨਤਾ ਨੂੰ ਸਮਝ ਕੇ, ਅਸੀਂ ਵੀ ਰੱਬ ਨਾਲ ਜੁੜੀਏ। ਫ਼ਰੀਦ ਜੀ, ਪੰਨਾ ੧੩੮੧ ਤੇ ਵੀ ਸਮਝਾ ਰਹੇ ਹਨ ਕਿ ਹੇ ਮਨੁਖ ! ਤੈਨੂੰ ਜੰਮਣ ਵਾਲੇ ਮਾਪੇ ਵੀ ਤੁਰ ਗਏ ਹਨ। ਤੇਰੇ ਵੇਖਦਿਆਂ ਵੇਖਦਿਆਂ ਉਹ ਚਲੇ ਗਏ, ਤੈਨੂੰ ਅਜੇ ਵੀ ਸਮਝ ਨਹੀਂ ਆਈ ਕਿ ਹੁਣ ਤਾਂ ਨਾਮ ਵਿਚ ਜੁੜ ਜਾ - 'ਫਰੀਦਾ ਕਿਥੈ ਤੈਡੇ ਮਾਪਿਆ ਜਿਨੀ ਤੂ ਜਣਿਓਹਿ।। ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ।।'

-- ਮਾਤਾ ਦੇ ਗਰਭ ਵਿਚ, ਰਕਤ ਬਿੰਦ ਦੇ ਮੇਲ ਤੋਂ ਬਾਅਦ ਮਨੁਖੀ ਸਰੀਰ ਦੇ ਸਾਰੇ ਅੰਗ ਗੰਢਣ, ਭਾਵ ਪੂਰੇ ਬਣਨ ਨੂੰ ਛਿਹ ਕੁ ਮਹੀਨੇ ਦਾ ਸਮਾਂ ਲਗ ਜਾਂਦਾ ਹੈ ਪਰ ਇਸ ਦੇ ਨਾਸ ਹੋਣ ਵਿਚ ਇਕ ਖਿੰਨ ਲਗਦਾ ਹੈ।੭।

(ਲਹਿੰਦੀ ਬੋਲੀ ਵਿਚ '**ਇਕ**' ਨੂੰ '**ਹਿਕ**' ਕਹਿੰਦੇ ਹਨ।)

ਫ਼ਿਰ, ਯਾਦ ਕਰਵਾ ਰਹੇ ਹਨ ਕਿ ਕਦੋਂ, ਇਕ ਦਮ ਜਾਣ ਦਾ ਸਮਾਂ ਆ ਜਾਏ, ਹੁਣੇ 'ਮਿਲੁ ਜਗਦੀਸ ਮਿਲਨ ਕੀ ਬਰੀਆ' ਵਾਲਾ, ਆਪਣਾ ਕਾਰਜ ਪੂਰਾ ਕਰ ਲੈਣਾ ਚਾਹੀਦਾ ਹੈ। ਇਸ ਕਰਕੇ ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੫੪੦ ਤੇ, ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦਾ ਨਾਮ ਜਪਣ ਵਿਚ, ਇਕ ਖਿਨ ਜਾਂ ਪਲ ਲਈ ਵੀ ਦੇਰ ਨਹੀਂ ਕਰਨੀ ਚਾਹੀਦੀ, ਕਿਉਂਕਿ ਕੀ ਪਤਾ, ਅਗਲਾ ਸਾਹ ਆਉਣਾ ਹੈ ਜਾਂ ਨਹੀਂ - 'ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨਾ ਆਵੈ ਰਾਮ।।'

## ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥

## ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥

**ਖੇਵਟ - ਮਲਾਹ; ਗੋਰਾਂ - ਕਬਰਾਂ**

-- ਹੇ ਫ਼ਰੀਦ ! ਕਲ੍ਹ ਨੂੰ ਜਦੋਂ ਜੀਵ ਇਥੋਂ ਤੁਰ ਜਾਏਗਾ ਤਾਂ ਜ਼ਮੀਨ, ਅਸਮਾਨ ਨੂੰ ਪੁਛੇਗੀ ਕਿ ਅਜ, ਕਿਥੇ ਗਏ ਉਹ, ਕਿਤਨੇ ਹੀ, ਜੋ ਆਪਣੇ ਆਪ ਨੂੰ ਮਲਾਹ ਜਾਂ ਤਾਰਣਹਾਰ ਅਖਵਾਉਂਦੇ ਸਨ, ਭਾਵ, ਸਾਰੇ ਹੀ ਚਲੇ ਗਏ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੬ ਤੇ ਫ਼ੁਰਮਾਣ ਕਰਦੇ ਹਨ ਕਿ ਬੇਸ਼ਕ, ਜਿਨ੍ਹਾਂ ਦੇ ਨਾਂ ਸੁਲਤਾਨ ਜਾਂ ਖਾਨ ਸਨ, ਅਸੀਂ ਸਾਰਿਆਂ ਨੂੰ ਮਿਟੀ ਵਿਚ ਮਿਲਦਿਆਂ ਵੇਖਿਆ ਹੈ - 'ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ।।' ਫ਼ਿਰ, ਪੰਨਾ ੯੩੬ ਤੇ, ਫ਼ੁਰਮਾਣ ਕੀਤਾ ਹੈ ਕਿ ਇਥੇ ਕੋਈ ਰਾਜਾ, ਕੰਗਾਲ, ਗਰੀਬ ਅਮੀਰ, ਮੰਗਤਾ, ਸਦਾ ਲਈ ਨਹੀਂ ਰਹਿੰਦਾ। ਆਪੋ ਆਪਣੀ ਵਾਰੀ ਸਭ ਤੁਰ ਜਾਂਦੇ ਹਨ, ਕੋਈ ਕਿਸੇ ਨੂੰ ਧਰਵਾਸ ਦੇਣ ਜੋਗਾ ਵੀ ਨਹੀਂ - 'ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ।। ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ।।' ਸੇਖ ਫਰੀਦ ਜੀ ਨੇ, ਪੰਨਾ ੧੩੮੦ ਤੇ, ਆਪਣੇ ਸਲੋਕਾਂ ਵਿਚ ਅੰਕਤ ਕੀਤਾ ਹੈ ਕਿ ਜੋ ਆਪਣੇ ਆਪ ਨੂੰ ਵਡੇ ਸ਼ੇਖ਼ ਅਖਵਾਉਣ ਵਾਲੇ ਸਭ ਆਪੋ ਆਪਣੀ ਵਾਰੀ ਤੇ ਇਸ ਸੰਸਾਰ ਤੋਂ ਕੂਚ ਕਰ ਗਏ - 'ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ।।'

-- ਕਈ ਮੁਰਦਾ ਸਰੀਰ ਨੂੰ ਸਾੜਦੇ ਹਨ ਅਤੇ ਕਈ ਕਬਰਾਂ ਵਿਚ ਪਾਉਂਦੇ ਹਨ, ਪਰ ਹਰ ਜੀਵ ਨੂੰ ਅਗੇ ਜਾ ਕੇ ਹਿਸਾਬ ਦੇਣਾ ਪੈਂਦਾ ਹੈ, ਉਲ੍ਹਾਮੇ

ਸਹਿਣੇ ਪੈਂਦੇ ਹਨ।੮।੨।

ਸ੍ਰੀ ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਹੇ ਮਨ ! ਤੂੰ ਇਕ ਸਚੀ ਸਿਖਿਆ ਸੁਣ ਲੈ। ਰੱਬ ਦੇ ਘਰ ਅਗੇ ਪੁਜਣ ਤੇ, ਉਥੇ ਕਰਮਾਂ ਦਾ ਪੂਰਾ ਹਿਸਾਬ ਲਿਆ ਜਾਏਗਾ, ਉਹ ਵਹੀ ਕਢ ਕੇ ਬੈਠਾ ਹੋਏਗਾ - 'ਨਾਨਕੁ ਆਖੈ ਰੇ ਮਨਾ  ਸੁਣੀਐ ਸਿਖ ਸਹੀ।। ਲੇਖਾ ਰਬੁ ਮੰਗੇਸੀਆ   ਬੈਠਾ ਕਢਿ ਵਹੀ।।'



16.9.2020